# ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮਟਿਡ, ਚੰਡੀਗੜ੍ਹ।

## <u>ਦਫਤਰੀ ਹੁਕਮ</u>

ਬੋਰਡ ਆਫ ਡਾਇਰੈਕਟਰਜ਼ ਦੀ 298ਵੀਂ ਮੀਟਿੰਗ ਜੋਕਿ ਮਿਤੀ 15.02.2022 ਨੂੰ ਹੋਈ ਸੀ, ਵਿੱਚ ਪਾਸ ਕੀਤੇ ਮਤੇ ਅਨੁਸਾਰ ਨਿਗਮ ਵਿੱਚ ਸਿੱਧੀ ਭਰਤੀ ਲਈ ਲੋੜੀਂਦੀ ਪੰਜਾਬੀ ਭਾਸ਼ਾ ਦੀ ਯੋਗਤਾ ਸਬੰਧੀ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ), ਪੰਜਾਬ ਸਰਕਾਰ ਵਲੋਂ ਜਾਰੀ ਪੱਤਰ ਨੰਬਰ ਅੰ:ਵਿ:ਪੱ:ਨੰ:1/4/2021-5ਪੀ.ਪੀ.1/1158 ਮਿਤੀ 03.12.2021 ਰਾਹੀਂ ਜਾਰੀ ਹਦਾਇਤਾਂ ਨੂੰ ਨਿਗਮ ਵਿੱਚ ਇੰਨ-ਬਿੰਨ ਲਾਗੂ ਕੀਤਾ ਜਾਂਦਾ ਹੈ।

ਉਪਰੋਕਤ ਪੱਤਰ ਵਿੱਚ ਦਰਸਾਈਆਂ ਹਦਾਇਤਾਂ ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮ, 1994 ਦੇ ਨਿਯਮ 17 ਨੂੰ ਨਿਗਮ ਦੇ ਸਰਵਿਸ਼ ਬਾਈ ਲਾਅਜ, 2016 ਵਿੱਚ ਸੋਧ ਕਰਦੇ ਹੋਏ Chapter-III ਵਿੱਚ Recruitment ਦੇ ਨੁਕਤੇ (3.1) ਵਿੱਚ Incorporate ਕੀਤਾ ਜਾਂਦਾ ਹੈ।

**ਪ੍ਰਬੰਧਕ ਨਿਰਦੇਸ਼ਕ**

**ਨੰ.ਪੀ.ਐਸ.ਆਈ.ਈ.ਸੀ./ਪ੍ਰਸੋਨਲ/ਸ-6/** 871-75 **ਮਿਤੀ:** 07/4/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਪ੍ਰਬੰਧਕ ਨਿਰਦੇਸ਼ਕ
2. ਨਿੱਜੀ ਸਹਾਇਕ/ਵਧੀਕ ਪ੍ਰਬੰਧਕ ਨਿਰਦੇਸ਼ਕ
3. ਸਮੂਹ ਫੰਕਸ਼ਨਲ ਮੁੱਖੀ
4. ਪ੍ਰੋਗਰਾਮਰ (ਆਈ.ਟੀ.)-ਨਿਗਮ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।
5. ਨੋਟਿਸ ਬੋਰਡ

**ਮੁੱਖ ਮਹਾਂ ਪ੍ਰਬੰਧਕ (ਪ੍ਰਸੋਨਲ)**

**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)**

**ਵਿਸ਼ਾ: -** **ਪੰਜਾਬ ਸਰਕਾਰ ਅਧੀਨ ਸਿੱਧੀ ਭਰਤੀ ਲਈ ਲੋੜੀਂਦੀ ਪੰਜਾਬੀ ਭਾਸ਼ਾ ਦੀ ਯੋਗਤਾਂ ਸਮੂਹ ਵਿਭਾਗਾਂ ਦੇ ਨਾਲ-ਨਾਲ ਬੋਰਡਾਂ/ਕਾਰਪੋਰੇਸ਼ਨਾਂ/ਕਮਿਸ਼ਨਾਂ/ਅਥਾਰਟੀਆਂ ਆਦਿ ਵਿੱਚ ਇੰਨ-ਬਿੰਨ ਲਾਗੂ ਕਰਨ ਬਾਰੇ।**

***

ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਸਕੱਤਰ, ਪੰਜਾਬ ਸਰਕਾਰ ਕਿਰਪਾ ਕਰਕੇ ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕਰਨ।

2. ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਪੱਤਰ ਨੰਬਰ 3107-1 ਭਾਸ਼ਾ-68/21805 ਮਿਤੀ 3 ਜੂਨ, 1968 ਰਾਹੀਂ ਪੰਜਾਬ ਸਰਕਾਰ ਅਧੀਨ ਸਾਰੀਆਂ ਨੌਕਰੀਆਂ ਤੇ ਭਰਤੀ ਲਈ ਪੰਜਾਬੀ ਭਾਸ਼ਾ ਵਿੱਚ ਮੈਟ੍ਰਿਕ ਜਾਂ ਇਸ ਦੇ ਅਨੁਸਾਰੀ ਵਿਦਿਅਕ ਯੋਗਤਾ ਪਾਸ ਕੀਤੀ ਹੋਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਨਿਯਮ 17 ਅਨੁਸਾਰ ਵੀ ਪੰਜਾਬ ਸਰਕਾਰ ਅਧੀਨ ਗਰੁੱਪ ਏ, ਬੀ ਅਤੇ ਸੀ ਦੀਆਂ ਆਸਾਮੀਆਂ ਤੇ ਭਰਤੀ ਲਈ ਪਹਿਲਾਂ ਹੀ ਪੰਜਾਬੀ ਭਾਸ਼ਾ ਦੀ ਯੋਗਤਾਂ/ਗਿਆਨ ਲਾਜ਼ਮੀ ਕੀਤਾ ਗਿਆ ਹੈ। ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਨਿਯਮ 17 ਵਿੱਚ ਹੇਠ ਦਰਸਾਏ ਉਪਬੰਧ ਦਰਜ ਹਨ: -

[17. **Knowledge of Punjabi Language** - No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language, which may be specified by the Government from time to time:

Provided that where a person is appointed on compassionate grounds on priority basis under the instructions issued in this behalf by the Government from time to time, the person so appointed shall have to pass an examination of Punjabi language equivalent to Matriculation standard or he shall have to qualify a test conducted by the Language Wing of the Department of Education of Punjab Government within a period of six months from the date of his appointment:

Provided further that where educational qualifications for a post in any service are lower than the Matriculation standard, then the person so appointed shall have to pass an examination of Punjabi language equivalent to Middle standard:

Provided further that where a War Hero, who has been discharged from defence services or paramilitary forces on account of disability suffered by him or his widow or dependent member of his family, is appointed under the instructions issued in this behalf by the Government, the person so appointed will not be required to possess aforesaid knowledge of Punjabi language:

Provided further that where a ward of Defence Service Personnel, who is a bona fide resident of Punjab State, is appointed by direct appointment, he shall have to pass an examination of Punjabi Language equivalent to Matriculation Standard or he shall have to qualify a test conducted by the Language Wing of the Department of Education of Punjab Government within a period of two years from the date of his appointment.]

1104345/2021/INDUSTRY



3. ਪੰਜਾਬ ਸਰਕਾਰ ਦਾ ਕੰਮ-ਕਾਜ ਸੁਚਾਰੂ ਢੰਗ ਨਾਲ ਚਲਾਉਣ ਲਈ ਪੰਜਾਬੀ ਭਾਸ਼ਾ ਦਾ ਗਿਆਨ ਬਹੁਤ ਜ਼ਰੂਰੀ ਹੈ। ਇਸ ਲਈ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜੇਕਰ ਆਪ ਦੇ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਪੰਜਾਬੀ ਭਾਸ਼ਾ ਦੀ ਯੋਗਤਾ ਸਬੰਧੀ ਉਪਬੰਧ ਉਪਰੋਕਤ ਅਨੁਸਾਰ ਨਹੀਂ ਹਨ ਤਾਂ ਆਪਣੇ ਸੇਵਾ ਨਿਯਮਾਂ ਵਿੱਚ ਤੁਰੰਤ ਸੋਧ ਕੀਤੀ ਜਾਵੇ।

4. ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਧੀਨ ਚੱਲ ਰਹੇ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ, ਅਥਾਰਟੀਆਂ/Parastatals ਆਦਿ ਵੱਲੋਂ ਆਪਣੇ ਕਰਮਚਾਰੀਆਂ ਲਈ ਸੇਵਾ ਨਿਯਮ ਖੁਦ ਬਣਾਏ ਜਾਂਦੇ ਹਨ। ਇਸ ਲਈ ਬੇਨਤੀ ਹੈ ਕਿ ਇਹ ਵੀ ਯਕੀਨੀ ਬਣਾਇਆ ਜਾਵੇਂ ਕਿ ਆਪ ਦੇ ਵਿਭਾਗਾਂ ਦੇ ਅਧੀਨ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ, ਅਥਾਰਟੀਆਂ/Parastatals ਆਦਿ ਦੇ ਸੇਵਾ ਨਿਯਮਾਂ ਵਿੱਚ ਵੀ ਇਹ ਉਪਬੰਧ ਸ਼ਾਮਿਲ ਕਰਨੇ ਯਕੀਨੀ ਬਣਾਏ ਜਾਣ।

5. ਜੇਕਰ ਇਸ ਸਬੰਧੀ ਸੇਵਾ ਨਿਯਮਾਂ ਵਿੱਚ ਸੋਧ ਦੀ ਲੋੜ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਕਰਨੀ ਯਕੀਨੀ ਬਣਾਈ ਜਾਵੇ।

6. ਇਸ ਪੱਤਰ ਦੀ ਪਾਲਣਾ ਰਿਪੋਰਟ 10 ਦਿਨਾਂ ਦੇ ਅੰਦਰ ਅੰਦਰ ਇਸ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਹ ਕਾਰਵਾਈ ਰਿਪੋਰਟ ਮੁੱਖ ਸਕੱਤਰ, ਪੰਜਾਬ ਜੀ ਨੂੰ ਪੇਸ਼ ਕੀਤੀ ਜਾ ਸਕੇ।

ਸਤਨਾਮ ਕੌਰ ਸੋ
ਅਧੀਨ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ, ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੰ:ਨੰ: 1/4/2021-5ਪੀ.ਪੀ.1/1158 ਮਿਤੀ, ਚੰਡੀਗੜ੍ਹ: 03/12/2021